Weekly

# CANADA SIKH TIMES

6 - 12 April 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 14

• RELIGION • CULTURE • HERITAGE • BUSINESS

## Canada Celebrates Sikh Heritage Month 2025




April marks Sikh Heritage Month in Canada, celebrating the vibrant history and cultural contributions of Sikh Canadians—the world's second-largest Sikh population. Running from April 1 to 30, the month recognizes Sikh impact on Canada's social, economic, and cultural life. This year's theme, announced by the Toronto District School Board (TDSB), is "Ekta (Oneness), Solidarity, and Resilience." Celebrations include Vaisakhi festivals, Kirtan Darbars, educational programs, and community events nationwide. School boards such as the TDSB and Waterloo Region District School Board (WRDSB) are organizing special activities, including student-designed logos and teachings inspired by Guru Nanak Sahib Ji. The month offers an opportunity to reflect on the values of equality, service, and community that define Sikh heritage in Canada.

## ਸਿੱਖ ਨੌਜਵਾਨਾਂ ਨੂੰ ਸੇਵਾ ਤੇ ਰੂਹਾਨੀਅਤ ਅਪਣਾਉਣ ਦੀ ਅਪੀਲ



ਖਾਲਸਾ ਸਿਰਜਨ ਦਿਵਸ ਅਤੇ ਵਿਸਾਖੀ ਦੇ ਪਵਿੱਤਰ ਪਾਵਨ ਦਿਹਾੜੇ ਦੇ ਸੰਦਰਭ ਵਿਚ ਕੋਲਹਾਨ ਖੇਤਰ ਦੇ ਪ੍ਰਸਿੱਧ ਸਿੱਖ ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਨੇ ਨੌਜਵਾਨਾਂ ਨੂੰ ਸੰਦੇਸ਼ ਦਿੰਦਿਆਂ ਆਖਿਆ ਕਿ ਉਹ 13 ਅਪ੍ਰੈਲ ਨੂੰ ਕੇਵਲ ਲੰਗਰ ਜਾਂ ਖਾਣ-ਪੀਣ ਵਾਲੇ ਦਿਨ ਵਜੋਂ ਨਾ ਮਨਾਉਣ, ਸਗੋਂ ਖਾਲਸਾ ਪੰਥ ਦੀ ਸਿਰਜਣਾ ਦੇ ਮਹੱਤਵ ਤੇ ਗੰਭੀਰਤਾ ਨਾਲ ਵਿਚਾਰ ਕਰਨ। ਸ਼ੁੱਕਰਵਾਰ ਨੂੰ ਦਿੱਤੇ ਆਪਣੇ ਸੰਦੇਸ਼ ਵਿੱਚ ਉਨ੍ਹਾਂ ਨੇ ਕਿਹਾ ਕਿ ਵਿਸਾਖੀ ਸਿਰਫ ਕਿਸਾਨੀ ਦਾ ਤਿਉਹਾਰ ਨਹੀਂ, ਸਗੋਂ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖਾਲਸਾ ਪੰਥ ਦੀ ਸਥਾਪਨਾ ਦਾ ਇਤਿਹਾਸਕ ਦਿਨ ਹੈ। ਇਹ ਦਿਨ ਮਨਨ, ਪ੍ਰੇਰਣਾ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਅਨੁਸਾਰ ਜੀਵਨ ਜਿਊਣ ਦੀ ਸਹੁੰ ਚੁੱਕਣ ਦਾ ਸਮਾਂ ਹੈ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ, ਦਸਤਾਰ ਨੂੰ ਮਾਣ ਨਾਲ ਪਹਿਨਣ ਅਤੇ ਸੱਚ, ਸੇਵਾ ਤੇ ਹਿੰਮਤ ਦੇ ਰਾਹ ’ਤੇ ਤੁਰਨ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਸੰਦੇਸ਼ ਨੌਜਵਾਨ ਪੀੜ੍ਹੀ ਲਈ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਪਹਿਚਾਣ ਨਾਲ ਗਹਿਰਾ ਨਾਤਾ ਜੋੜਨ ਦੀ ਪ੍ਰੇਰਨਾ ਹੈ।

## ਟੈਰਿਫ਼ਜ਼ ਕਾਰਨ ਡੈਲਟਾ ਏਅਰ ਲਾਈਨਜ਼ ਦੀਆਂ ਟਿਕਟਾਂ ਦੀ ਵਿਕਰੀ ’ਚ ਵੱਡੀ ਗਿਰਾਵਟ




ਡੈਲਟਾ ਏਅਰ ਲਾਈਨਜ਼ ਨੇ ਕੈਨੇਡਾ ਤੋਂ ਯਾਤਰੀਆਂ ਦੀ ਘੱਟਦੀ ਮੰਗ ਦੇ ਮੱਦੇਨਜ਼ਰ ਇੱਥੋਂ ਆਪਣੀ ਉਡਾਣ ਸੇਵਾ ’ਚ ਕਟੌਤੀ ਕਰਨ ਦੀ ਸੰਭਾਵਨਾ ਜਤਾਈ ਹੈ। ਕੰਪਨੀ ਦੇ ਪ੍ਰਧਾਨ ਗਲੇਨ ਹੌਲੇਨਸਟਾਈਨ ਨੇ ਕਿਹਾ ਕਿ 2025 ਦੀ ਪਹਿਲੀ ਤਿਮਾਹੀ ਦੌਰਾਨ ਕੈਨੇਡਾ ਤੋਂ ਬੁਕਿੰਗ ਵਿੱਚ “ਵੱਡੀ ਗਿਰਾਵਟ” ਆਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਗਾਏ ਗਏ ਟੈਰਿਫ਼ ਤੇ ਵਪਾਰਕ ਯੁੱਧ ਇਸਦਾ ਮੁੱਖ ਕਾਰਨ ਦੱਸਿਆ ਗਿਆ ਹੈ। ਜ਼ਿਕਰਯੋਗ ਹੈ ਕਿ ਡੈਲਟਾ ਏਅਰਲਾਈਨ ਵਲੋਂ ਮੋਂਟਰੀਅਲ, ਟੋਰਾਂਟੋ, ਵੈਨਕੂਵਰ, ਕਿਊਬੈਕ ਸਿਟੀ ਤੇ ਹੈਲਿਫੈਕਸ ਤੋਂ ਉਡਾਨਾਂ ਜਾਰੀ ਹਨ ਪਰ ਇਹ ਫਿਲਹਾਲ ਇਹ ਸਾਫ ਨਹੀਂ ਹੋਇਆ ਕਿ ਕਟੌਤੀ ਕਿਹੜੀਆਂ ਉਡਾਣਾਂ ਉੱਤੇ ਹੋਵੇਗੀ। ਡੈਲਟਾ ਦੇ ਸੀਈਓ ਐਡ ਬਾਸਟੀਅਨ ਨੇ ਕਿਹਾ ਕਿ ਟੈਰਿਫ਼ਾਂ ਕਾਰਨ ਕੰਪਨੀ ਉਡਾਣਾਂ ਦੀ ਸੰਖਿਆ ਘਟਾ ਰਹੀ ਹੈ ਅਤੇ ਨਵੇਂ ਜਹਾਜ਼ਾਂ ਦੀ ਡਿਲੀਵਰੀ ਵੀ ਰੋਕੀ ਜਾ ਸਕਦੀ ਹੈ। ਦੂਜੇ ਪਾਸੇ, ਏਅਰ ਕੈਨੇਡਾ, ਵੈਸਟਜੈੱਟ, ਫਲੇਅਰ ਏਅਰਲਾਈਨਜ਼ ਤੇ ਏਅਰ ਟਰਾਂਸੈਟ ਵਰਗੀਆਂ ਕੰਪਨੀਆਂ ਵੀ ਅਮਰੀਕਾ ਲਈ ਆਪਣੀਆਂ ਸੇਵਾਵਾਂ ਘਟਾ ਰਹੀਆਂ ਹਨ।

# DESH VIDESH



## ਚੇਤਾਵਨੀ ਦੀ ਘੰਟੀ

- ਇੰਦਰਜੀਤ ਸਿੰਘ,
ਸਾਬਕਾ ਡੀਜੀਐਮ, ਏਅਰਇੰਡੀਆ

ਇਸਾਈ ਮਤ ਦਾ ਪੰਜਾਬ ਵਿੱਚ ਤੇਜ਼ੀ ਨਾਲ ਫੈਲਣਾ ਬਹੁਤ ਸਾਰੇ ਪੰਥਕ ਦਿਲਾਂ ਵਿੱਚ ਚਿੰਤਾ ਪੈਦਾ ਕਰ ਰਿਹਾ ਹੈ। ਇਹ ਕੋਈ ਛੋਟੀ ਗੱਲ ਨਹੀਂ, ਸਗੋਂ ਇੱਕ ਅਲਾਰਮ ਹੈ ਜੋ ਸਾਨੂੰ ਜਗਾਉਂਦਾ ਹੈ ਕਿ ਅਸੀਂ ਆਪਣੇ ਅੰਦਰ ਝਾਤ ਮਾਰਕੇ ਵੇਖੀਏ ਕਿ ਅਸਲ ਸਮੱਸਿਆ ਕਿੱਥੇ ਹੈ। ਆਓ ਅਸੀਂ ਮੁੱਢਲੇ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ:

1. **ਸਿੱਖ ਸਮਾਜ ਵਿੱਚ ਜਾਤ ਪਾਤ ਦਾ ਵਧਣਾ:** ਸਿੱਖ ਧਰਮ ਨੇ ਜਾਤ ਪਾਤ ਦੀ ਨਿਰਸਨਾ ਕੀਤੀ ਸੀ, ਪਰ ਅੱਜ ਸਾਡਾ ਸਮਾਜ ਜੱਟ, ਭਾਪੇ, ਮਜ਼ਬੀ, ਰਾਮਦਾਸੀਆ ਆਦਿ ਵਿਚ ਵੰਡ ਗਿਆ ਹੈ। ਇਸ ਭੇਦਭਾਵ ਨੇ ਅਨੇਕਾਂ ਭਾਈਚਾਰੇ ਨੂੰ ਗੁਰੂ ਤੋਂ ਦੂਰ ਕਰ ਦਿੱਤਾ ਹੈ। ਇਹਨਾਂ ਭੈਣ-ਭਰਾਵਾਂ ਨੂੰ ਜਦੋਂ ਗੁਰੂ ਦੀ ਥਾਂ ਖੁਦ ਨੂੰ ਅਲੱਗ ਮਹਿਸੂਸ ਹੋਣ ਲੱਗ ਪੈਂਦੀ ਹੈ, ਤਾਂ ਉਹ ਹੋਰ ਥਾਵਾਂ ਤੇ ਆਸਰਾ ਲੱਭਣ ਲੱਗ ਪੈਂਦੇ ਹਨ।
2. **ਆਰਥਿਕ ਤੌਰ 'ਤੇ ਪਿੱਛੜਣਾ:** ਖੇਤੀ ਦਾ ਨਾਸ, ਉਦਯੋਗਾਂ ਦੀ ਬੰਦਸ਼ ਅਤੇ ਰੋਜ਼ਗਾਰ ਦੀ ਘਾਟ ਨੇ ਸਿੱਖ ਨੌਜਵਾਨਾਂ ਨੂੰ ਪਰਦੇਸ਼ਾਂ ਵੱਲ ਧੱਕ ਦਿੱਤਾ ਹੈ। ਜੋ ਬਚੇ ਹਨ, ਉਹ ਵੀ ਗਰੀਬੀ ਅਤੇ ਤੰਗਹਾਲੀ ਦਾ ਸਾਹਮਣਾ ਕਰ ਰਹੇ ਹਨ। ਇਹ ਆਰਥਿਕ ਕਮਜ਼ੋਰੀ ਇਸਾਈ ਮਤ ਲਈ ਇੱਕ ਖੁੱਲ੍ਹਾ ਦਰਵਾਜ਼ਾ ਬਣ ਗਈ ਹੈ, ਜਿੱਥੇ ਉਹ ਗਰੀਬਾਂ ਨੂੰ ਸਹਾਇਤਾ ਦੇ ਨਾਂ 'ਤੇ ਆਪਣੇ ਧਰਮ ਵੱਲ ਖਿੱਚਦੇ ਹਨ।
3. **ਨਸ਼ਿਆਂ ਕਾਰਨ ਪਰਿਵਾਰਾਂ ਦੀ ਤਬਾਹੀ:** ਨਸ਼ਿਆਂ ਨੇ ਨੌਜਵਾਨ ਪੀੜ੍ਹੀ ਨੂੰ ਬੇਹੋਸ਼ ਕਰ ਦਿੱਤਾ ਹੈ। ਪਰਿਵਾਰ ਉਝੜ ਰਹੇ ਹਨ, ਮਾਂ ਬਾਪ ਦੀਆਂ ਅੱਖਾਂ ਵਿਚ ਨਿੱਤ ਹੰਜੂ ਹਨ। ਇਸਾਈ ਮਤ ਇਨ੍ਹਾਂ ਲਈ ਨਸ਼ਾ ਮੁਕਤੀ ਕੇਂਦਰ, ਹਸਪਤਾਲ, ਸਕੂਲ ਅਤੇ ਪਿਆਰ ਭਰੀ ਸੇਵਾਵਾਂ ਦੇ ਰਾਹੀਂ ਆਸਰਾ ਬਣਦਾ ਜਾ ਰਿਹਾ ਹੈ। ਗੁਰੂ ਦੀ ਗੱਲ ਨੂੰ ਵਿਸਾਰ ਕੇ ਲੋਕ ਉਥੇ ਓਹਨਾ ਦੀ ਹਮਦਰਦੀ ਵੇਖ ਕੇ ਝੁਕ ਰਹੇ ਹਨ।
4. **ਸਿੱਖ ਪਰਚਾਰ ਵਿੱਚ ਇੱਕਤਾ ਦੀ ਘਾਟ:** ਸਾਡੇ ਕੋਲ ਸਹੀ ਤਰੀਕੇ ਨਾਲ ਗੁਰੂ ਦੀ ਬਾਣੀ ਅਤੇ ਸਿਧਾਂਤਾਂ ਦਾ ਸੰਯੁਕਤ ਤਰੀਕੇ ਨਾਲ ਪਰਚਾਰ ਨਹੀਂ ਹੋ ਰਿਹਾ। ਹਰ ਡੇਰਾ ਆਪਣੀ ਗੱਲ ਕਰ ਰਿਹਾ ਹੈ, ਹਰ ਸੰਸਥਾ ਆਪਣਾ ਰਸਤਾ ਚੱਲ ਰਹੀ ਹੈ। ਇਨ੍ਹਾਂ ਵਿਚਕਾਰ ਸਾਂਝ ਦੀ ਘਾਟ ਨੇ ਸਿੱਖ ਧਰਮ ਦੀ ਸ਼ਕਤੀ ਨੂੰ ਖੰਡਤ ਕਰ ਦਿੱਤਾ ਹੈ।
5. **ਅੰਧ ਵਿਸ਼ਵਾਸ ਅਤੇ ਰੂਹਾਨੀ ਭਟਕਣਾ:** ਜਿਨ੍ਹਾਂ ਭਰਮਾਂ ਨੂੰ ਗੁਰੂ ਸਾਹਿਬਾਨ ਨੇ ਤੋੜਿਆ ਸੀ, ਅਸੀਂ ਉਨ੍ਹਾਂ ਨੂੰ ਦੁਬਾਰਾ ਆਪਣੀ ਜਿੰਦਗੀ ਵਿਚ ਸਾਂਭ ਲਿਆ ਹੈ—ਜਿਵੇਂ ਰਾਸ਼ੀਆਂ, ਡੇਰੇ-ਮੰਦਿਰਾਂ 'ਚ ਅੰਧ ਆਸਥਾ, ਅਤੇ ਰੂਹਾਨੀ ਤੌਰ ਤੇ ਅਗਿਆਨਤਾ। ਇਹ ਸਾਨੂੰ ਗੁਰੂ ਦੀ ਮਰਜੀ ਤੋਂ ਦੂਰ ਕਰ ਰਹੇ ਹਨ।
6. **ਸਿਆਸੀ ਤੌਰ 'ਤੇ ਪਿੱਛੜਣਾ:** ਸਿੱਖ ਕੌਮ ਸਿਆਸੀ ਤੌਰ 'ਤੇ ਇੱਕ ਢਾਂਚੇ 'ਚ ਨਹੀਂ ਰਹਿ ਸਕੀ। ਸਾਨੂ ਯਾਦ ਰੱਖਣਾ ਚਾਈਦਾ ਹੈ ਕਿ ਸਿੱਖ ਨੇ ਅਗਵਾਈ ਕੇਵਲ ਗੁਰੂ ਗ੍ਰੰਥ ਸਾਹਿਬ ਪਾਸੋਂ ਲੈਣੀ ਹੈ। ਸਾਬਤ ਸੂਰਤ, ਗੁਰੂ ਵਾਲੇ ਬਣ ਗੁਰਬਾਣੀ ਨੂੰ ਸਮਝ ਕੇ ਅਸੀ ਸਹੀ ਰਾਹ ਚੁਣ ਸਕਦੇ ਹਾਂ । ਸਾਡੇ ਵਿੱਚੋ ਅੱਜ ਨਵਾਬ ਕਪੂਰ ਸਿੰਘ, ਬੰਦਾ ਸਿੰਘ ਬਹਾਦਰ, ਜੱਸਾ ਸਿੰਘ ਆਲੋਵਾਲੀਆ ਜੈਸੇ ਸਮੱਰਪਿਤ ਗੁਰੂ ਕੇ ਸਿੱਖਾਂ ਦੀ ਘਾਟ ਹੈ। ਸਾਨੂੰ ਖ਼ੁਦ ਹੀ ਗੁਰੂਬਾਣੀ ਦੇ ਦੱਸੇ ਤਰੀਕੇ ਨੂੰ ਸਮਝ ਕੇ ਸੰਤ ਸਿਪਾਹੀ ਬਣਨਾ ਪਵੇਗਾ।


ਹੱਲ ਕੀ ਹੈ?

ਜੇ ਅਸੀਂ ਉਪਰੋਕਤ ਮਸਲਿਆਂ ਨੂੰ ਜੜ ਤੋਂ ਸਮਝ ਕੇ ਹੱਲ ਕਰੀਏ, ਗੁਰੂ ਦੇ ਸਿਧਾਂਤਾਂ ਤੇ ਚੱਲੀਏ, ਅੰਮ੍ਰਿਤਧਾਰੀ ਬਣੀਏ, ਗੁਰਬਾਣੀ ਨਾਲ ਜੁੜੀਏ, ਜਾਤ ਪਾਤ ਦੀ ਵੰਡ ਖਤਮ ਕਰੀਏ, ਅਤੇ ਇੱਕ ਦੂਜੇ ਨਾਲ ਭਾਈਚਾਰੇ ਦਾ ਭਾਵ ਰੱਖੀਏ, ਤਾਂ ਗੁਰੂ ਨਿਸਚਿਤ ਹੀ ਸਾਡੀ ਰੱਖਿਆ ਕਰਨਗੇ।

◆◆◆◆◆

## Anmol Akhar: A Tribute to Gurmukhi and Maa Boli


Anmol Akhar, a unique Gurmukhi calligraphy competition, was thoughtfully organized by Aao Baniye Gursikh Pyara and Param's Creative Nest with the heartfelt aim of spreading the beauty of Gurmukhi across generations. The initiative Safar-e-Gurmukhi: Ek Akhar Har Roz was launched as a preparatory journey to help participants understand the basic letterforms, laying a strong foundation for the competition.




In celebration of Maa Boli Diwas, a special session was held to foster the feeling of Saadi Boli Saada Maan, nurturing pride in our mother tongue. The competition took place on 30th March 2025, and the much-awaited results were announced on 6th April 2025. The entire concept was envisioned by Paramdeep Kaur, Founder of Param's Creative Nest, and beautifully supported by Aao Baniye Gursikh Pyara. The content and creatives were artistically designed by Harwinder Singh, Founder of Kaka Pataka. Technical support was provided by Ramneet Kaur, and the event was smoothly coordinated by S. Baltej Singh Ji, S. Mahinder Singh Ji, S. Kulvinder Singh Ji, Sdn. Mamta Kaur Ji, Sdn. Saroj Kaur Ji, and Sdn. Amarjeet Kaur Ji. Under the expert guidance of S. Harjinder Singh Ji, Anchor Director ABGP, and S. Gujinder Singh Ji, Long Island, New York, the event witnessed active participation from learners of all ages. Our esteemed jury panel included Sdn. Harpreet Kaur Ji (Founder, Punjabits), Sdn. Maninder Kaur Ji Channey, and Sdn. Gagandeep Kaur Ji. (Continue on page 3)

# HERITAGE

## Jeevay Sanjha Punjab Launches Landmark Guidebook on Sikh Shrines in Lahore District




On the sacred occasion of Vaisakhi 2025, Jeevay Sanjha Punjab (JSP) has released a groundbreaking English language guidebook titled "Sikh Historical Shrines in Pakistan: Lahore District." Documenting over 40 Sikh shrines—including those dedicated to Guru Nanak Sahib, Guru Arjan Sahib, and Guru Hargobind Sahib—the guidebook revives the memory of long-forgotten sacred sites in Pakistan. It features historical narratives, Google Maps locations, video links, and color-coded maps. This five-year research effort includes verified site visits, eyewitness accounts, and rare details about pre-1947 property records. While some shrines remain functional, others are occupied, in ruins, or lost—yet now rediscovered. The free guidebook can be downloaded at: https://jeevaysanjhapunjab.com/downloads. Gurmukhi and Shahmukhi editions are forthcoming. For more information, visit: www.JeevaySanjhaPunjab.com.

## Team Anmol Akhar Felicitates Avneet Kaur Bhatia for Her Contribution



Team Anmol Akhar had the honour of felicitating Ms. Avneet Kaur Bhatia, the esteemed Founder of Sunakhi Punjaban, for her valuable contribution to the Anmol Akhar Competition. Her unwavering support and dedication played a significant role in the success of the event. The team expressed heartfelt gratitude and appreciation for her efforts in promoting Punjabi culture and empowering youth through meaningful initiatives.

ੴ

Ik Onkar Satgur Parsad
One Creator is realized with Wisdom of Guru

After the successful edition of the Online AnmolAkhar Gurmukhi Writing Competition... we are thrilled to announce the

### OFFLINE EDITION of AnmolAkhar – Gurmukhi Writing Competition

**Organized by:** WSCC & Param's Creative Nest
In association with Aao Banlye Gursikh Pyaara

**Date:** 26th April 2025 (Saturday)
**Time:** 10:00 AM onwards
**Venue:** Satsang Guru Nanak Darbar, Lajpat Nagar - III, New Delhi

**Open for both Kids & Adults!**

**Competition Categories**

**Colouring** (Belew 7 Years)
**Jeniors:** 9 – 18 Years

**35 Akhri** (Painti Akini Weting)
**Jeniors:** 8 – 18 Years
**Seniors:** 18 Years & Above

**Akharkaari** (Calligraphy / Slogan Writing)
**Juniors:** 8 – 18 Years
**Seniors:** 19 Years & Above

**For Registration:**
https://docs.google.com/forms/e/c/1FAIplQLSdirMe_2MG33632cw-MU0AYGYAIp4CC7LcGpvvt-t-7n9py/viewform?usp:sharing

Let's unite to celebrate the beauty of the Gurmukhi script together!

Regards
Team Anmol Akhar

## ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. "ਸਤਿਗੁਰ ਆਗੈ ਸੀਸੁ ਭੇਟ ਦਿਉ ਜੇ ਸਤਿਗੁਰ ਸਾਚੇ ਭਾਵੈ॥" ਗੁਰਬਾਣੀ ਦੀ ਇਸ ਤੁੱਕ ਦੀ ਰੋਸ਼ਨੀ ਵਿੱਚ ਖਾਲਸਾ ਦੇ ਸਾਜਨਾ ਦਿਵਸ ਤੇ ਅੱਜ ਗੁਰੂ ਸਾਹਿਬ ਜੀ ਸਾਡੇ ਕੋਲੋਂ ਕੇਹੜਾ ਸੀਸ ਮੰਗ ਰਹੇ ਹਨ?**

a. ਅਗਿਆਨਤਾ ਦੀ ਮੱਤ ਵਾਲਾ  b. ਜਾਤ-ਪਾਤ ਦੀ ਹਉਮੈ ਵਾਲਾ
c. ਵਹਿਮ ਭਰਮਾ ਵਾਲਾ  d. ਗੁਰਮਤਿ ਗਿਆਨ ਵਾਲਾ

**2. ਗੁਰਬਾਣੀ ਦੇ ਚਾਨਣ ਵਿਚ ਅੰਮ੍ਰਿਤ ਕੀ ਹੈ?**

a. ਇੱਕ ਸੁਚੱਜੀ ਜੀਵਨ ਜਾਚ  b. ਵਿਕਾਰਾਂ ਤੋਂ ਰਹਿਤ ਕਰਮ
c. ਗੁਰਬਾਣੀ ਦੀ ਸੋਝੀ ਨਾਲ ਸਾਂਝ  d. ਇਹ ਸਭ ਕੁਝ

**3. ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਉਜਾਗਰ ਹੋਏ ਸ਼ਬਦ ਦਾ ਕੀ ਅਰਥ ਹੈ? ਆਖਣਿ ਜੋਰੁ ਚੁਪੈ ਨਹ ਜੋਰੁ॥**

a. ਝੇਨਾ  b. ਮੱਝਾਂ
c. ਇਕ ਲਫਜ਼  d. ਮਰਜ਼ੀ

**4. ਕੀਰਤਪੁਰ ਦੀ ਸਥਾਪਨਾ ਗੁਰੂ ਹਰਿਗੋਬਿੰਦ ਸਾਹਿਬ ਨੇ ਕਦੋਂ ਕੀਤੀ?**

a. 1618  b. 1640
c. 1627  d. 1646

(ਦੇਖੋ ਉੱਤਰ ਪੰਨਾ 4 'ਤੇ)



# ਨਿੱਤ ਨਵੇਂ ਭਰਮ-ਭੁਲੇਖੇ ਅਤੇ ਪਾਖੰਡਧਾਰੀ ਸੰਤਾਂ ਦੀ ਪੂਜਾ-2

**- ਅਵਤਾਰ ਸਿੰਘ ਮਿਸ਼ਨਰੀ**

ਪਰ ਅੱਜ ਦੇ ਜਥੇਦਾਰ ਜਿਨ੍ਹਾਂ ਨੇ ਧਰਮ ਪ੍ਰਚਾਰ ਰਾਹੀਂ ਜਨਤਾ ਨੂੰ ਅਜਿਹੇ ਭਰਮ ਭੁਲੇਖਿਆਂ, ਵਹਿਮਾਂ ਅਤੇ ਅੰਧ ਵਿਸ਼ਵਾਸ਼ਾਂ ਤੋਂ ਸੁਚੇਤ ਕਰਨਾ ਅਤੇ ਰੋਕਣਾ ਹੈ, ਉਹ ਖੁਦ ਹੀ ਅਜਿਹੇ ਪਾਖੰਡੀਆਂ ਨੂੰ ਸਿਰੋਪੇ ਦੇ ਕੇ ਨਿਵਾਜ਼ ਰਹੇ ਹਨ। ਕੀ ਅਹਿਜੇ ਕਿਰਦਾਰ ਵਾਲੇ ਵਿਅਕਤੀ ਨੂੰ ਜਥੇਦਾਰ ਮੰਨਿਆਂ ਜਾ ਸਕਦਾ ਹੈ? ਕੀ ਸਿੱਖ ਨੇ ਹੁਕਮ ਗੁਰੂ ਦਾ ਮੰਨਣਾ ਹੈ ਜਾਂ ਜਥੇਦਾਰ ਦਾ? ਜਥੇਦਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੀ ਸਾਦਰ ਕਰ ਸਕਦਾ ਹੈ ਨਾ ਕਿ ਆਪਣਾ, ਕਿਸੇ ਸਾਧ ਸੰਤ ਜਾਂ ਅਖੌਤੀ ਗ੍ਰੰਥ ਦਾ। ਸਿੱਖ ਧਰਮ ਨੂੰ ਲੋਕਾਂ ਦੀ ਨਿਗ੍ਹਾ ਵਿੱਚ ਘਟੀਆ ਦਰਸਉਣ ਲਈ ਹੀ ਗੁਰਬਾਣੀ ਨਾਲ ਮਨਘੜਤ ਸਾਖੀਆਂ ਜੋੜੀਆਂ ਜਾ ਰਹੀਆਂ ਹਨ। ਕਰਾਮਾਤਾਂ ਅਤੇ ਵਹਿਮ ਭਰਮ ਸਾਡੇ ਵਿੱਚ ਘਸੋੜੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ, ਜੋ ਗੁਰਤਾ ਪਦਵੀ ਦੇ ਮਾਲਕ ਹਨ ਅੱਜ ਉਨ੍ਹਾਂ ਦੇ ਬਰਾਬਰ ਕਾਮਕ ਕਵਿਤਾਵਾਂ ਨਾਲ ਭਰੇ ਗ੍ਰੰਥ ਪ੍ਰਕਾਸ਼ ਕੀਤੇ ਜਾ ਰਹੇ ਹਨ। ਇਸ ਤੋਂ ਵੱਡੀ ਕੌਮ ਦੀ ਅਧੋਗਤੀ ਕੀ ਹੋ ਸਕਦੀ ਹੈ?

ਅੱਜ ਅਸੀਂ ਗੁਰਦੁਆਰਿਆਂ ਵਿੱਚ ਅਜ਼ਾਦੀ ਦੇ ਨਾਹਰੇ ਤਾਂ ਮਾਰਦੇ ਹਾਂ ਪਰ ਗੁਰਦੁਆਰੇ ਬ੍ਰਾਹਮਣੀ ਮਰਯਾਦਾ ਅਤੇ ਅਜਿਹੇ ਭਰਮ ਪਾਖੰਡਾਂ ਦੇ ਗੁਲਾਮ ਹੋ ਚੁੱਕੇ ਹਨ। ਜਿਸ ਦੀ ਮਸਾਲ ਕਿਸੇ ਵੀ ਗੁਰਦੁਆਰੇ ਵਿੱਚ ਸ਼੍ਰੀ ਅਕਾਲ ਤਖ਼ਤ ਦੀ ਮਰਯਾਦਾ ਲਾਗੂ ਨਹੀਂ। ਕੁੰਭ ਨਾਰੀਅਲ ਜੋਤਾਂ ਸਮੱਗਰੀਆਂ ਧੂਪਾਂ ਬਾਲੀਆਂ ਅਤੇ ਰਾਮ ਕਥਾ ਜੁੱਗ ਜੁੱਗ ਅਟੱਲ ਆਦਿਕ ਰਾਮਾਇਣ ਕਹਾਣੀਆਂ ਰਹਿਰਾਸ ਦੇ ਪਾਠ ਨਾਲ ਗੁਰਦੁਆਰਿਆਂ ਵਿੱਚ ਪੜ੍ਹੀਆਂ ਜਾ ਰਹੀਆਂ ਹਨ। ਸਿੱਖ ਕਿਸੇ ਭਰਮ ਭੁਲੇਖੇ ਨੂੰ ਮਾਨਤਾ ਨਹੀਂ ਦਿੰਦਾ ਅਤੇ ਨਾਂ ਹੀ ਕਰਤੇ ਨੂੰ ਛੱਡ ਕਿਰਤਮ ਦੀ ਪੂਜਾ ਕਰਦਾ ਹੈ। ਸਿੱਖ ਤਾਂ ਸਗੋਂ *ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖ਼ਾਲਸੇ ਦਾ ਧਾਰਨੀ ਹੈ* ਪਰ ਅੱਜ ਪੂਜਾ ਮੂਰਤਿ ਕੀ, ਪਰਚਾ ਕੱਚੀ ਬਾਣੀ ਤੇ ਮਿਥਿਹਸਕ ਕਹਾਣੀਆਂ ਦਾ, ਦੀਦਾਰ ਅਖੌਤੀ ਸਾਧਾਂ-ਸੰਤਾਂਦਾ* ਬਹੁਤਾਤ ਵਿੱਚ ਕੀਤਾ ਜਾ ਰਿਹਾ ਹੈ।

ਗੁਰਸਿੱਖ ਕਦੇ ਭੇਖਾਂ, ਭਰਮਾਂ, ਪਾਖੰਡਾਂ ਅਤੇ ਕੱਚੀਆਂ ਬਾਣੀਆਂ ਨੂੰ ਮਾਨਤਾ ਨਹੀਂ ਦੇ ਸਕਦਾ-ਕਰਮ ਧਰਮ ਪਾਖੰਡ ਜੋ ਦੀਸਹਿ ਤਿਨਿ ਜਮ ਜਾਗਾਤੀ ਲੂਟੈ (੭੪੭) ਸੱਚੇ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਸਿੱਖ ਵਾਸਤੇ *ਹੋਰ ਕਚੀ ਹੈ ਬਾਣੀ॥ ਬਾਣੀ ਤਾਂ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ (ਅਨੰਦ ਸਾਹਿਬ) ਜਿਨੇ ਵੀ ਅਖੌਤੀ ਡੇਰੇ ਅਤੇ ਸੰਪ੍ਰਦਾਵਾਂ ਹਨ, ਸਿੱਖਾਂ ਨੂੰ ਕਦੇ ਵੀ ਇਨ੍ਹਾਂ ਨੂੰ ਮਾਨਤਾ ਨਹੀਂ ਦੇਣੀ ਚਾਹੀਦੀ ਕਿਉਂਕਿ ਗੁਰੂ ਸਾਹਿਬਾਨ ਨੇ ਇਨ੍ਹਾਂ ਤੋਂ ਖਹਿੜਾ ਛੁਡਾ ਕੇ-ਨਾਨਕ ਨਿਰਮਲ ਪੰਥ ਚਲਾਇਆ ਅਤੇ ਕੀਤੋਸੁਆਪਨਾ ਪੰਥ ਨਿਰਾਲਾ॥ (ਭਾ. ਗੁ) ਭਾਵ *ਖਾਲਸਾ ਪੰਥ* ਸਾਜਿਆ ਸੀ। ਇਹ ਸਭ ਸਾਧ-ਡੇਰੇ ਸੰਪ੍ਰਦਾਵਾਂ ਤਾਂ ਨਿਤ ਨਵੇਂ ਕਰਮ ਕਾਂਡ, ਭਰਮ-ਭੁਲੇਖੇ ਅਤੇ ਪਾਖੰਡ ਪੈਦਾ ਕਰਕੇ ਅਤੇ ਨਿਤ ਨਵੇਂ ਪਾਠਾਂ ਦੀਆਂ ਵਿਧੀਆਂ ਦੱਸ ਕੇ ਅਗਿਆਨੀ ਜਨਤਾ ਨੂੰ ਲੁਟਦੇ ਸਨ ਅਤੇ ਲੁੱਟ ਰਹੇ ਹਨ। ਅੱਜ ੨੧ਵੀਂ ਸਦੀ ਦੇ ਯੁੱਗ ਵਿੱਚ ਵੀ ਅਸੀਂ ਨਾ ਸਮਝੇ ਤਾਂ ਕਦੋਂ ਸਮਝਾਂਗੇ? ਘੱਟ ਤੋਂ ਘੱਟ ਸਿੱਖਾਂ ਨੂੰ ਸਿੱਖ ਗੁਰਦੁਆਰਿਆਂ ਚੋਂ ਤਾਂ ਡੇਰਾਵਾਦ ਨੂੰ ਖਤਮ ਕਰਨਾ ਚਾਹੀਦਾ ਹੈ। ਗੁਰਦੁਆਰੇ ਡੇਰਾਵਾਦ ਦੇ ਗੁਲਾਮ ਕਿਉਂ ਹਨ? ਸਿੱਖ ਰਹਿਤ ਮਰਯਾਦਾ ਗੁਰਦੁਆਰਿਆਂ ਵਿੱਚ ਲਾਗੂ ਕਿਉਂ ਨਹੀਂ ਕੀਤੀ ਜਾ ਰਹੀ? ਜੋਤਾਂ ਧੂਪਾਂ ਨਾਰੀਅਲ ਕੁੰਭ ਰੱਖਣੇ ਕਿਉਂ ਨਹੀਂ ਬੰਦ ਕਰਵਾਏ ਜਾ ਰਹੇ? ਜੇ ਪ੍ਰਬੰਧਕ ਇੱਧਰ ਧਿਆਨ ਨਾ ਦੇਣ ਤਾਂ ਇਕੱਲੇ ਗ੍ਰੰਥੀ ਅਜਿਹਾ ਨਹੀਂ ਕਰ ਸਕਦੇ। ਗੁਰਦੁਆਰੇ ਵਿੱਚ ਡੇਰੇਦਾਰ ਜਾਂ ਸੰਪ੍ਰਦਾਈ ਗ੍ਰੰਥੀ ਨਹੀਂ ਰੱਖਣੇ ਚਾਹੀਦੇ ਜੋ ਪੰਥਕ ਮਰਯਾਦਾ ਦੀਆਂ ਧੱਜੀਆਂ ਉਡਾ ਕੇ ਉਪਰੋਕਤ ਵਹਿਮਾਂ ਭਰਮਾਂ ਪਾਖੰਡਾਂ ਅਤੇ ਸੰਪ੍ਰਦਾਈ ਮਰਯਾਦਾ ਨੂੰ ਮਾਨਤਾ ਦਿੰਦੇ ਹੋਣ। ਗੁਰਬਾਣੀ ਤਾਂ ਪੁਕਾਰ-ਪੁਕਾਰ ਕੇ ਸਾਨੂੰ ਨਿਤਾ ਪ੍ਰਤੀ ਸੁਚੇਤ ਕਰ ਰਹੀ ਹੈ ਕਿ- **ਕਹਿਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ॥ ਕੇਵਲ ਨਾਮੁ ਜਪੋ ਰੇ ਪ੍ਰਾਨੀ ਪਰਹੁ ਏਕ ਕੀ ਸਰਨਾ॥** (੬੫੪) **ਦੁਬਿਧਾ ਨ ਪੜਹੁ ਹਰਿ ਬਿਨੁ ਹੋਰਿ ਨ ਪੂਜਹੁ ਮੜੇ ਮਸਾਣ ਨਾ ਜਾਈ** (੬੩੪) ਅਤੇ ਗੁਰੂਸੰਤ ਦਾ ਉਪਦੇਸ਼ ਧਾਰਨ ਕਰੋ ਕਿਉਂਕਿ **ਮਤਿ ਕੋ ਭਰਮਿ ਭੁਲੇ ਸੰਸਾਰੁ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ** (੮੬੪).

## Anmol Akhar: A Tribute to Gurmukhi and Maa Boli

The result declaration session was graced by eminent personalities: S. Kuldeep Singh Ji (MD, Shimla Chemical Pvt Ltd), S. Tejinder Singh Ji, Sikh Scholar S. Parmeet Singh Ji Chadha (President, WSCC), Sh. Tarun Deep Girdhar Ji, Head Faculty, NID Ahmedabad, S. Ranjeet Singh Ji (Mission Education Trust), S. Davinder Singh Ji (Asst. Professor, DU), and Sdn. Avneet Kaur (Founder, Sunakhi Punjaban). Top entries and encouragement prizes were given to acknowledge the hard work and passion of all participants. E-certificates were awarded to all participants as a token of appreciation and encouragement. Together, this effort stands as a celebration of script, speech, and spirit — keeping the essence of Gurmukhi alive in every anmol akhar.


## SIKH MATRIMONIALS

Gursikh girl 25/5'6"/Diploma in hospitality tourism from Royal Roads University, Canada Working as a Supervisor in Victoria, BC. Onnwork permit/ Contact +919013899506

Required Canadian Born Sikh match for Gursikh girl 29/5'4" in Govt job at Ottwa. No cast bar, Boy should be Turbaned ND/NT. Contact +1613 330 6319.

Gursikh boy29/5'10"/BTech/Working in Canada as Project Manager in MNC/Father retired from Air India/ Contact +1 905 782 3495


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. D 4. C


Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)




email: canadasikhtimes@gmail.com, M: +1 437 673 7555